# ਕੁਦਰਤੀ ਗੈਸ 101

ATCO

## ਕੁਦਰਤੀ ਗੈਸ ਕੀ ਹੁੰਦੀ ਹੈ?

ਕੁਦਰਤੀ ਗੈਸ ਇੱਕ ਜੈਵਿਕ ਇੰਧਨ ਹੈ ਜੋ ਕੁਦਰਤੀ ਤੌਰ 'ਤੇ ਧਰਤੀ ਦੇ ਹੇਠਾਂ ਪਾਈ ਜਾਂਦੀ ਹੈ, ਅਤੇ ਇਸਨੂੰ ਪੂਰੇ ਕੈਨੇਡਾ ਵਿੱਚ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ। ਇਹ ਮੁੱਖ ਤੌਰ 'ਤੇ ਮੀਥੇਨ ਗੈਸ ਤੋਂ ਬਣੀ ਹੁੰਦੀ ਹੈ, ਜੋ ਕਿ ਰੰਗਹੀਣ, ਗੰਧਹੀਣ ਅਤੇ ਸਵਾਦਹੀਣ ਹੁੰਦੀ ਹੈ। ਸੁਰੱਖਿਆ ਦੇ ਉਦੇਸ਼ਾਂ ਲਈ, ਤੁਹਾਡੇ ਘਰ ਜਾਂ ਬਾਹਰ ਇਸਦੇ ਲੀਕ ਹੋਣ 'ਤੇ ਪਤਾ ਲਗਾਉਣ ਵਿੱਚ ਤੁਹਾਡੀ ਸਹਾਇਤਾ ਕਰਨ ਲਈ, ਕੁਦਰਤੀ ਗੈਸ ਵਿੱਚ ਮਰਕੈਪਟਨ ਨਾਮਕ ਇੱਕ ਗੈਰ-ਹਾਨੀਕਾਰਕ ਰਸਾਇਣ ਮਿਲਾਇਆ ਜਾਂਦਾ ਹੈ, ਜਿਸ ਨਾਲ ਇਸ ਵਿੱਚੋਂ ਸੜੇ ਹੋਏ ਆਂਡਿਆਂ ਵਰਗੀ ਇੱਕ ਤਿੱਖੀ ਗੰਧ ਆਉਂਦੀ ਹੈ।

## ਕੁਦਰਤੀ ਗੈਸ ਕਿਵੇਂ ਵਰਤੀ ਜਾਂਦੀ ਹੈ?

ਕੁਦਰਤੀ ਗੈਸ ਨੂੰ ਕਈ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ, ਜਿਸ ਵਿੱਚ ਘਰਾਂ ਅਤੇ ਕਾਰੋਬਾਰਾਂ ਵਾਲੀਆਂ ਥਾਵਾਂ ਨੂੰ ਗਰਮ ਕਰਨਾ, ਖਾਣਾ ਪਕਾਉਣਾ, ਅਤੇ ਵਾਹਨਾਂ ਨੂੰ ਊਰਜਾ ਪ੍ਰਦਾਨ ਕਰਨਾ ਸ਼ਾਮਲ ਹੈ। ਇਸਨੂੰ ਬਹੁਤ ਸਾਰੇ ਰੋਜ਼ਾਨਾ ਉਤਪਾਦਾਂ, ਜਿਵੇਂ ਕਿ ਪਲਾਸਟਿਕ ਅਤੇ ਖਾਦਾਂ ਦੇ ਨਿਰਮਾਣ ਵਿੱਚ ਵੀ ਵਰਤਿਆ ਜਾਂਦਾ ਹੈ। ਕੁਦਰਤੀ ਗੈਸ ਊਰਜਾ ਦਾ ਇੱਕ ਭਰੋਸੇਮੰਦ ਸਰੋਤ ਹੈ ਜੋ ਸਾਡੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰਦਾ ਹੈ।

## ਕੁਦਰਤੀ ਗੈਸ ਦੀ ਪਹੁੰਚ ਪ੍ਰਦਾਨ ਕਰਨ ਵਿੱਚ ATCO ਦੀ ਕੀ ਭੂਮਿਕਾ ਹੈ?

ATCO ਗੈਸ ਐਂਡ ਪਾਈਪਲਾਈਨਜ਼, ਕੁਦਰਤੀ ਗੈਸ ਦਾ ਸੰਚਾਰ ਅਤੇ ਵੰਡ ਕਰਨ ਵਾਲੀ ਇੱਕ ਕੰਪਨੀ ਹੈ। ਇਸਦਾ ਮਤਲਬ ਹੈ ਕਿ ਸਾਡੇ ਕੋਲ ਇੱਕ ਪਾਈਪਲਾਈਨ ਪ੍ਰਣਾਲੀ ਹੈ ਅਤੇ ਇਸਦੇ ਰਾਹੀਂ ਤੁਹਾਨੂੰ ਕੁਦਰਤੀ ਗੈਸ ਪ੍ਰਦਾਨ ਕੀਤੀ ਜਾਂਦੀ ਹੈ।

ਸੰਚਾਰ ਪਾਈਪਲਾਈਨਾਂ ਆਮ ਤੌਰ 'ਤੇ ਜ਼ਿਆਦਾ ਵੱਡੀਆਂ ਹੁੰਦੀਆਂ ਹਨ ਅਤੇ ਜ਼ਿਆਦਾ ਪ੍ਰੈਸ਼ਰ ਵਾਲੀ ਕੁਦਰਤੀ ਗੈਸ ਪ੍ਰਦਾਨ ਕਰਦੀਆਂ ਹਨ। ਫਿਰ ਕੁਦਰਤੀ ਗੈਸ ਸਿਸਟਮ ਦੇ ਸਟੇਸ਼ਨਾਂ ਵਿੱਚੋਂ ਲੰਘਦੀ ਹੈ ਜਿਸ ਨਾਲ ਗੈਸ ਦਾ ਪ੍ਰੈਸ਼ਰ ਘੱਟ ਹੋ ਜਾਂਦਾ ਹੈ, ਤਾਂ ਜੋ ਇਹ ਸਾਡੀਆਂ ਵੰਡ ਕਰਨ ਵਾਲੀਆਂ ਪਾਈਪਲਾਈਨਾਂ ਰਾਹੀਂ ਵਹਿ ਸਕੇ, ਜੋ ਤੁਹਾਡੇ ਘਰ ਜਾਂ ਕਾਰੋਬਾਰ ਵਾਲੀਆਂ ਥਾਵਾਂ ਵਿੱਚ ਮੀਟਰ ਨਾਲ ਜੁੜਦੀਆਂ ਹਨ।

ATCO ਗੈਸ ਐਂਡ ਪਾਈਪਲਾਈਨਜ਼ ਅਲਬਰਟਾ ਵਿੱਚ ਲਗਭਗ 300 ਭਾਈਚਾਰਿਆਂ ਨੂੰ 1.1 ਮਿਲੀਅਨ ਤੋਂ ਵੱਧ ਗਾਹਕਾਂ ਨੂੰ ਕੁਦਰਤੀ ਗੈਸ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਅਸੀਂ ਇੱਕ ਨਵੀਂ ਕੁਦਰਤੀ ਗੈਸ ਪਾਈਪਲਾਈਨ ਲਗਾਉਣ ਜਾਂ ਮੀਟਰ ਜਾਂ ਮੌਜੂਦਾ ਸੇਵਾ ਲਾਈਨ ਨੂੰ ਉਰੇ-ਪਰੇ ਕਰਨ ਜਾਂ ਬਦਲੀ ਕਰਨ ਤੋਂ ਲੈ ਕੇ, ਤੁਹਾਡੇ ਘਰ ਅਤੇ ਪਾਣੀ ਨੂੰ ਗਰਮ ਕਰਨ ਲਈ ਨਵੀਨਤਾਕਾਰੀ ਹੱਲ ਪ੍ਰਦਾਨ ਕਰਨ, ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਗੈਸ ਉਪਕਰਣ ਸੁਚਾਰੂ ਢੰਗ ਨਾਲ ਚੱਲ ਰਹੇ ਹੋਣ ਤੱਕ, ਹਰ ਚੀਜ਼ ਵਿੱਚ ਤੁਹਾਡੀ ਸਹਾਇਤਾ ਕਰਦੇ ਹਾਂ। ਪਾਈਪਲਾਈਨਾਂ ਨੂੰ ਦਰੁਸਤ ਰੱਖਣਾ ਅਤੇ ਐਮਰਜੈਂਸੀ ਦਾ ਸਾਹਮਣਾ ਕਰਨਾ ਸਾਡੀ ਜ਼ਿੰਮੇਵਾਰੀ ਹੈ।

## ਕੁਦਰਤੀ ਗੈਸ ਦੀ ਪਹੁੰਚ ਪ੍ਰਦਾਨ ਕਰਨ ਵਿੱਚ ਇੱਕ ਵਿਕਰੇਤਾ ਦੀ ਕੀ ਭੂਮਿਕਾ ਹੁੰਦੀ ਹੈ?

ਵਿਕਰੇਤਾ ਊਰਜਾ ਬਾਜ਼ਾਰ ਤੋਂ ਕੁਦਰਤੀ ਗੈਸ ਖ਼ਰੀਦਦੇ ਹਨ ਅਤੇ ਇਸਨੂੰ ਤੁਹਾਡੇ ਵਰਗੇ ਗਾਹਕਾਂ ਨੂੰ ਵੇਚਦੇ ਹਨ। ਉਹ ਮੁਕਾਬਲੇਬਾਜ਼ੀ ਵਾਲੀ ਕੀਮਤ ਅਤੇ ਹੋਰ ਲਾਭਾਂ ਦੀ ਪੇਸ਼ਕਸ਼ ਕਰ ਸਕਦੇ ਹਨ, ਜਿਵੇਂ ਕਿ ਟਿਕਾਊ-ਦਰ ਵਾਲੀਆਂ ਯੋਜਨਾਵਾਂ। ਤੁਹਾਡੇ ਖੇਤਰ ਵਿੱਚ ਉਪਲਬਧ ਕੁਦਰਤੀ ਗੈਸ ਦੇ ਵਿਕਲਪਾਂ ਬਾਰੇ ਹੋਰ ਜਾਣਨ ਲਈ ਸਥਾਨਕ ਵਿਕਰੇਤਾਵਾਂ ਨਾਲ ਸੰਪਰਕ ਕਰੋ ਜਾਂ ਆਪਣੇ ਲਈ ਸਹੀ ਪ੍ਰਦਾਤਾ ਚੁਣਨ ਲਈ ਖਪਤਾਂ ਸੰਬੰਧੀ ਉਪਭੋਗਤਾ ਐਡਵੋਕੇਟ ਦੀ ਵੈੱਬਸਾਈਟ **ucahelps.alberta.ca** 'ਤੇ ਜਾਓ। ਤੁਸੀਂ ਸ਼ੁਰੂਆਤ ਕਰਨ ਲਈ 310-4822 ਨੂੰ ਵੀ ਕਾਲ ਕਰ ਸਕਦੇ ਹੋ।

## ਕੁਦਰਤੀ ਗੈਸ ਦੀ ਸੁਰੱਖਿਆ ਸੰਬੰਧੀ ਕੁਝ ਮਹੱਤਵਪੂਰਨ ਵਿਚਾਰ

ਸਹੀ ਢੰਗ ਨਾਲ ਵਰਤੇ ਜਾਣ 'ਤੇ ਕੁਦਰਤੀ ਗੈਸ ਇੱਕ ਸੁਰੱਖਿਅਤ ਅਤੇ ਭਰੋਸੇਮੰਦ ਊਰਜਾ ਸਰੋਤ ਹੈ। ਭਾਵੇਂ, ਇਹ ਜਾਣਨਾ ਮਹੱਤਵਪੂਰਨ ਹੈ ਕਿ ਗੈਸ ਲੀਕ ਦਾ ਪਤਾ ਕਿਵੇਂ ਲਗਾਇਆ ਜਾਵੇ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਕੀ ਕੀਤਾ ਜਾਵੇ। ਧਿਆਨ ਵਿੱਚ ਰੱਖਣ ਲਈ ਇਹ ਕੁਝ ਸੁਝਾਅ ਹਨ:

## ਤੁਹਾਨੂੰ ਗੈਸ ਦੀ ਗੰਧ ਆਉਣ 'ਤੇ ਕੀ ਕਰਨਾ ਚਾਹੀਦਾ ਹੈ:

ਜੇ ਤੁਹਾਨੂੰ ਗੈਸ ਦੀ ਗੰਧ ਆਉਂਦੀ ਹੈ ਜਾਂ ਗੈਸ ਲੀਕ ਹੋਣ ਦਾ ਸ਼ੱਕ ਹੈ, ਤਾਂ ਤੁਰੰਤ ਉਸ ਖੇਤਰ ਨੂੰ ਛੱਡ ਦਿਓ। ਕਿਸੇ ਗੁਆਂਢੀ ਦੇ ਘਰ ਜਾਓ ਅਤੇ ATCO ਗੈਸ ਐਂਡ ਪਾਈਪਲਾਈਨਜ਼ ਨੂੰ 9-1-1 ਜਾਂ ਆਪਣੇ ਸਥਾਨਕ ਅੱਗ ਬੁਝਾਊ ਵਿਭਾਗ ਨੂੰ ਤੁਰੰਤ ਕਾਲ ਕਰੋ (ਦਿਨ ਜਾਂ ਰਾਤ ਸਮੇਂ)।

ਜੇ ਅੰਦਰ ਹੋਵੋ:

ਮਾਚਿਸ ਜਾਂ ਲਾਈਟਰਾਂ ਨੂੰ ਨਾ ਵਰਤੋ ਅਤੇ ਸਿਗਰਟ ਨਾ ਪੀਓ

ਆਪਣੇ ਫ਼ੋਨ ਜਾਂ ਸੈਲੂਲਰ ਫ਼ੋਨ ਨੂੰ ਨਾ ਵਰਤੋ

ਲਾਈਟ ਸਵਿੱਚਾਂ ਨੂੰ ਚਾਲੂ ਜਾਂ ਬੰਦ ਨਾ ਕਰੋ


ਕੋਈ ਵੀ ਇਲੈਕਟ੍ਰੀਕਲ ਸਵਿੱਚ ਜਾਂ ਉਪਕਰਨ ਨੂੰ ਨਾ ਚਲਾਓ

ਜੇ ਬਾਹਰ ਹੋਵੋ:

ਹਰੇਕ ਨੂੰ ਉਸ ਖੇਤਰ ਤੋਂ ਬਾਹਰ ਰੱਖੋ

ਕੋਈ ਵੀ ਅੱਗ ਨਾ ਜਲਾਓ

ਗੈਸ ਲੀਕ ਕਰਨ ਵਾਲੇ ਸਰੋਤ ਦੇ ਨੇੜੇ ਕੋਈ ਵੀ ਮੋਟਰ ਵਾਹਨ ਚਾਲੂ ਨਾ ਕਰੋ



## ਸੁਰੱਖਿਅਤ ਢੰਗ ਨਾਲ ਖੁਦਾਈ ਕਰਨ ਲਈ ਸੁਝਾਅ:

ਕੁਦਰਤੀ ਗੈਸ ਦੀਆਂ ਪਾਈਪਲਾਈਨਾਂ ਤੁਹਾਡੇ ਘਰ ਦੇ ਅੰਦਰ ਅਤੇ ਬਾਹਰ ਚਲਦੀਆਂ ਹਨ। ਭਾਵੇਂ ਤੁਸੀਂ ਆਪਣੇ ਘਰ ਦੀ ਮੁਰੰਮਤ ਕਰ ਰਹੇ ਹੋਵੋਂ, ਕੰਧ ਬਣਾ ਰਹੇ ਹੋਵੋਂ, ਜਾਂ ਆਪਣੇ ਵਿਹੜੇ ਵਿੱਚ ਕਿਸੇ ਕਿਸਮ ਦੀ ਖੁਦਾਈ ਕਰ ਰਹੇ ਹੋਵੋਂ, ਇੱਥੇ ਗੈਸ ਦੀਆਂ ਲਾਈਨਾਂ ਅੰਡਰਗ੍ਰਾਊਂਡ ਹੁੰਦੀਆਂ ਹਨ, ਜਿਨ੍ਹਾਂ ਦਾ ਤੁਹਾਨੂੰ ਧਿਆਨ ਰੱਖਣ ਦੀ ਲੋੜ ਹੈ। ਖੁਦਾਈ ਸ਼ੁਰੂ ਕਰਨ ਤੋਂ ਪਹਿਲਾਂ ਹਮੇਸ਼ਾਂ ਆਪਣੀਆਂ ਅੰਡਰਗ੍ਰਾਊਂਡ ਗੈਸ ਲਾਈਨਾਂ ਨੂੰ ਲੱਭੋ। ਇਸ ਮੁਫ਼ਤ ਸੇਵਾ ਲਈ ClickBeforeYouDig - ਲੱਭਣ ਲਈ ਬੇਨਤੀ ਕਰੋ 'ਤੇ ਜਾਓ।



**ਜੇ ਤੁਸੀਂ ਅੰਡਰਗ੍ਰਾਊਂਡ ਕੁਦਰਤੀ ਗੈਸ ਲਾਈਨ 'ਤੇ ਕੁਝ ਮਾਰਦੇ ਹੋ, ਤਾਂ ਸਾਡੀ ਐਮਰਜੈਂਸੀ ਲਾਈਨ ਨੂੰ ਤੁਰੰਤ 1-800-511-3447 'ਤੇ ਕਾਲ ਕਰੋ।**

## ਤੁਹਾਡੇ ਘਰ ਵਿੱਚ ਕਾਰਬਨ ਮੋਨੋਆਕਸਾਈਡ ਦੀ ਰੋਕਥਾਮ ਅਤੇ ਖੋਜ ਕਰਨ ਲਈ ਸੁਝਾਅ:

ਕਾਰਬਨ ਮੋਨੋਆਕਸਾਈਡ (CO) ਇੱਕ ਅਦਿੱਖ, ਮੌਨ ਗੰਧਹੀਣ ਜ਼ਹਿਰੀਲੀ ਗੈਸ ਹੈ, ਜਿਸ ਨੂੰ ਅਕਸਰ 'ਮੌਨ ਕਾਤਲ' ਕਿਹਾ ਜਾਂਦਾ ਹੈ। ਕਿਸੇ ਬੰਦ ਥਾਂ, ਜਿਵੇਂ ਕਿ ਘਰ ਜਾਂ ਗੈਰਾਜ ਵਿੱਚ, CO ਦੀ ਝਪੇਟ ਵਿੱਚ ਆਉਣ ਨਾਲ ਗੰਭੀਰ ਬਿਮਾਰੀ ਜਾਂ ਮੌਤ ਵੀ ਹੋ ਸਕਦੀ ਹੈ।



- ਗੈਰਾਜ ਵਿੱਚ ਕਦੇ ਵੀ ਵਾਹਨ ਦੇ ਇੰਜਣ ਨੂੰ ਚੱਲਦਾ ਨਾ ਛੱਡੋ, ਭਾਵੇਂ ਦਰਵਾਜ਼ਾ ਖੁੱਲ੍ਹਾ ਵੀ ਹੋਵੇ
- ਆਪਣੀ ਭੱਠੀ ਅਤੇ ਕੁਦਰਤੀ ਗੈਸ ਉਪਕਰਨਾਂ (ਜਿਵੇਂ ਕਿ ਤੁਹਾਡਾ ਗਰਮ ਪਾਣੀ ਵਾਲਾ ਹੀਟਰ, ਕੁਦਰਤੀ ਗੈਸ ਵਾਲਾ ਸਟੋਵ ਆਦਿ) ਨੂੰ ਨਿਰਮਾਤਾ ਦੀਆਂ ਹਿਦਾਇਤਾਂ ਦੇ ਅਨੁਸਾਰ, ਕਿਸੇ ਯੋਗ ਕਾਰੀਗਰ ਦੁਆਰਾ ਨਿਯਮਿਤ ਤੌਰ 'ਤੇ ਜਾਂਚ ਕਰਵਾਉਂਦੇ ਰਹੋ।
- ਐਗਜ਼ੌਸਟ ਫੈਨ, ਪਾਵਰ ਐਟਿਕ ਵੈਂਟ ਜਾਂ ਸੈਂਟਰਲ ਵੈਕਿਊਮ ਸਿਸਟਮ ਨੂੰ ਲੰਬੇ ਸਮੇਂ ਤੱਕ ਨਾ ਚਲਾਓ।
- ਆਪਣੇ CO ਡਿਟੈਕਟਰ ਨੂੰ ਲਗਾਓ ਅਤੇ ਨਿਯਮਿਤ ਤੌਰ 'ਤੇ ਜਾਂਚ ਕਰਦੇ ਰਹੋ

## ਗੈਸ ਲਾਈਨਾਂ ਦੇ ਆਲੇ-ਦੁਆਲੇ ਦੀ ਸੁਰੱਖਿਆ:

ਕਈ ਵਾਰ ਗੈਸ ਦੀਆਂ ਲਾਈਨਾਂ ਠੀਕ ਤਰ੍ਹਾਂ ਬੰਦ ਨਹੀਂ ਕੀਤੀਆਂ ਹੁੰਦੀਆਂ। ਅਜਿਹਾ ਉਦੋਂ ਹੁੰਦਾ ਹੈ ਜਦੋਂ ਕੋਈ ਕੁਦਰਤੀ ਗੈਸ ਵਾਲਾ ਉਪਕਰਨ (ਜਿਵੇਂ ਕਿ ਡ੍ਰਾਇਰ ਜਾਂ ਸਟੋਵ) ਨੂੰ ਇਲੈਕਟ੍ਰਿਕ ਉਪਕਰਨ ਨਾਲ ਬਦਲਿਆ ਜਾਂਦਾ ਹੈ ਜਾਂ ਪੂਰੀ ਤਰ੍ਹਾਂ ਹਟਾਇਆ ਜਾਂਦਾ ਹੈ - ਅਤੇ ਗੈਸ ਲਾਈਨ ਨੂੰ ਚੰਗੀ ਤਰ੍ਹਾਂ ਕੈਪ ਜਾਂ ਪਲੱਗ ਨਹੀਂ ਕੀਤਾ ਜਾਂਦਾ ਹੈ। ਕੈਪ ਨਾ ਕੀਤੀਆਂ ਲਾਈਨਾਂ ਅਤੇ ਵਾਲਵ ਬਹੁਤ ਖ਼ਤਰਨਾਕ ਹੋ ਸਕਦੇ ਹਨ ਕਿਉਂਕਿ ਉਹ ਤੁਹਾਡੇ ਘਰ ਵਿੱਚ ਕੁਦਰਤੀ ਗੈਸ ਦੇ ਲੀਕ ਹੋਣ ਦਾ ਕਾਰਨ ਬਣ ਸਕਦੇ ਹਨ।

ਅਸੀਂ ਤੁਹਾਨੂੰ ਜ਼ੋਰ ਪਾਉਂਦੇ ਹਾਂ ਕਿ ਆਪਣੇ ਉਪਕਰਨਾਂ ਦੀ ਦੁਬਾਰਾ ਤੋਂ ਜਾਂਚ ਕਰੋ ਅਤੇ ਆਪਣੇ ਘਰ ਵਿੱਚ ਕੈਪ ਨਾ ਕੀਤੀਆਂ ਕੁਦਰਤੀ ਗੈਸ ਲਾਈਨਾਂ ਅਤੇ ਵਾਲਵਾਂ ਦੀ ਜਾਂਚ ਕਰੋ।


ਇਹਨਾਂ ਦੀ ਜਾਂਚ ਕਰੋ:



ਕੋਈ ਡ੍ਰਾਇਰ ਜਾਂ ਸਟੋਵ ਕਨੈਕਟਰ ਜਿਸਦੀ ਜਾਂਚ ਨਾ ਕੀਤੀ ਗਈ ਹੋਵੇ

ਇਹ ਹਾਈਲਾਈਟ ਕੀਤਾ ਟੁਕੜਾ ਉਪਕਰਣ ਦੀ ਕਨੈਕਟਿੰਗ ਹੋਜ਼ ਦਾ ਹਿੱਸਾ ਹੈ, ਫਿਰ ਵੀ ਇਹ ਅਕਸਰ ਕੁਦਰਤੀ ਗੈਸ ਲਾਈਨ 'ਤੇ ਬਿਨਾਂ ਜਾਂਚ ਕੀਤੇ ਰਹਿ ਜਾਂਦਾ ਹੈ।

ਜੇ ਤੁਸੀਂ ਇਸ ਨੂੰ ਦੇਖਦੇ ਹੋ, ਤਾਂ ਕਨੈਕਟਰ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਲਾਈਨ ਨੂੰ ਚੰਗੀ ਤਰ੍ਹਾਂ ਸੀਲ ਕਰਨਾ ਲਾਜ਼ਮੀ ਹੈ।



ਇੱਕ ਚੰਗੀ ਤਰ੍ਹਾਂ ਸੀਲ ਕੀਤੀ ਕੁਦਰਤੀ ਗੈਸ ਲਾਈਨ

ਇਹ ਧਾਗੇ ਵਾਲੀ ਕੈਪ, ਇੱਕ ਕੈਪ ਨਾ ਕੀਤੀ ਕੁਦਰਤੀ ਗੈਸ ਲਾਈਨ ਨੂੰ ਚੰਗੀ ਤਰ੍ਹਾਂ ਨਾਲ ਸੀਲ ਕਰਨ ਦਾ ਇੱਕ ਤਰੀਕਾ ਹੈ। ਅੰਦਰਲੇ ਧਾਗੇ ਵਾਲੇ ਕੁਦਰਤੀ ਗੈਸ ਦੇ ਵਾਲਵ ਅਤੇ ਫਿਟਿੰਗਾਂ ਨੂੰ ਧਾਗੇ ਵਾਲੇ ਪਲੱਗ ਨਾਲ ਸੀਲ ਕੀਤਾ ਜਾਂਦਾ ਹੈ।

ਜੇ ਤੁਸੀਂ ਕੁਦਰਤੀ ਗੈਸ ਦੀ ਸੁਰੱਖਿਆ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹੋ, ਤਾਂ ਕਿਰਪਾ ਕਰਕੇ ਲਾਈਨ ਨੂੰ ਸੀਲ ਕਰਨ ਲਈ ਕਿਸੇ ਯੋਗ ਗੈਸ ਫਿਟਰ ਜਾਂ ਹੀਟਿੰਗ ਕੰਟਰੈਕਟਰ ਨਾਲ ਸੰਪਰਕ ਕਰੋ।

ਕੁਦਰਤੀ ਗੈਸ ਸੰਬੰਧੀ ਐਮਰਜੈਂਸੀ ਲਈ, ATCO ਗੈਸ ਐਂਡ ਪਾਈਪਲਾਈਨਜ਼ ਦੇ 24-ਘੰਟੇ ਐਮਰਜੈਂਸੀ ਫ਼ੋਨ ਨੰਬਰ 'ਤੇ ਕਾਲ ਕਰੋ:

| | | | |
|---|---|---|---|
| ਐਡਮੰਟਨ ਅਤੇ ਸੰਬੰਧਤ ਖੇਤਰ | 780-420-5585 | ਰੈੱਡ ਡੀਅਰ | 403-357-5200 |
| ਕੈਲਗਰੀ ਅਤੇ ਸੰਬੰਧਤ ਖੇਤਰ | 403-245-7222 | ਹੋਰ ਖੇਤਰ (ਟੋਲ ਫਰੀ) | 1-888-511-7550 |

ATCO™